# O/o SUB DIVISIONAL ENGINEER, PROVL. SUB DIVISIONS, PWD B&R, KHARAR

**E-MAIL sub:divisionkharar78@gmail.com**

ਵੱਲ,

Brookfield International School,
Sheikhpura, Kurali-Siswan Road,
Distt Mohali (Pb).

ਨੰ: 90 ਮਿਤੀ: 09/04/2024

ਵਿਸ਼ਾ:- ਸਕੂਲ ਦੀ ਬਿਲਡਿੰਗ ਦਾ ਸੇਫਟੀ ਸਰਟਿਫਿਕੇਟ ਜਾਰੀ ਕਰਨ ਬਾਰੇ (ਸਾਲ 2024-2025)

ਹਵਾਲਾ:- ਆਪ ਜੀ ਦਾ ਪੱਤਰ ਨੰ BFIS/03/2024/015 ਮਿਤੀ 21.03.2024 ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਸਹਿਤ ਲਿਖਿਆ ਜਾਂਦਾ ਹੈ ਕਿ ਇਸ ਉਪ ਮੰਡਲ ਅਧੀਨ ਕੰਮ ਕਰ ਰਹੇ ਸ਼੍ਰੀ ਇਕਬਾਲ ਸਿੰਘ, ਜੂਨੀਅਰ ਇੰਜੀਨੀਅਰ, ਵੱਲੋਂ Brookfield International School, Sheikhpura, Kurali-Siswan Road, Distt Mohali (Pb) ਦੀ ਮੌਕੇ ਤੇ ਵਿਜ਼ੂਅਲ ਇੰਸਪੈਕਸ਼ਨ ਕੀਤੀ ਗਈ। ਇਮਾਰਤ ਦੀ ਪ੍ਰਾਪਤ ਰਿਪੋਰਟ ਅਨੁਸਾਰ ਬਿਲਡਿੰਗ ਠੀਕ ਜਾਪਦੀ ਹੈ। ਮਾਨਯੋਗ ਸਕੱਤਰ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਚੰਡੀਗੜ੍ਹ ਜੀ ਦਫਤਰੀ ਆਰਡਰ ਨੰ 5/13/2018/3ਬੀਆਰ3/1294287/3 ਮਿਤੀ 10.08.2018 ਰਾਹੀਂ ਇਮਾਰਤ ਦੀ ਲੋੜੀਂਦੀ 1 ਸਾਲ ਦੀ ਬਣਦੀ ਫੀਸ 10,000 ਰੁਪਏ ਈ-ਚਲਾਨ ਰਸੀਦ ਨੰ 11048200 ਮਿਤੀ 09.04.2024 (ਰਕਮ 10,000) ਰਾਹੀਂ ਸਟੇਟ ਬੈਂਕ ਆਫ ਇੰਡੀਆ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ। ਇਸ ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.03.2025 ਤੱਕ ਹੇਠ ਲਿਖੀ ਸ਼ਰਤਾ ਤੇ ਜਾਰੀ ਕੀਤੀ ਜਾਂਦਾ ਹੈ:-

1. ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋ ਅੰਦਰੂਨੀ ਸਟਰਕਟਰਲ ਸਟੇਬਿਲਟੀ ਚੈਕ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇ ਬਿਲਡਿੰਗ ਦੇ ਸਟਰਕਚਰਲ ਡਿਜਾਇਨ ਵਿੱਚ ਕਮੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਸਕੂਲ ਅਥਾਰਿਟੀ ਖੁਦ ਜਿੰਮੇਵਾਰ ਹੋਵੇਗੀ।

2. ਜੇਕਰ ਸਕੂਲ ਅਥਾਰਿਟੀ ਵੱਲੋਂ ਬਿਲਡਿੰਗ ਵਿੱਚ ਕਸੇ ਵੀ ਤਰ੍ਹਾਂ ਦੀ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕੀਤੀ ਜਾਂਦੀ ਹੈ ਤੋਂ ਉਹ ਕਿਸੇ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇਗਾ।

3. ਜੇਕਰ ਬਿਲਡਿੰਗ ਨੂੰ ਹੜ੍ਹ, ਭੂਚਾਲ ਜਾਂ ਕਿਸੇ ਹੋਰ ਕੁਦਰਤੀ ਆਫਤ ਨਾਲ ਨੁਕਸਾਨ ਹੁੰਦਾ ਹੈ ਅਤੇ ਦੀਵਾਰਾਂ/ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੈਗਿੰਗ ਆਉਦੀ ਹੈ ਤਾਂ ਸਕੂਲ ਅਥਾਰਟੀ ਤੁਰੰਤ ਇਸ ਵਿਭਾਗ ਦੇ ਧਿਆਨ ਵਿੱਚ ਲਿਆਵੇਗੀ।

4. ਬਿਲਡਿੰਗ ਦੀ ਹਰ ਪੱਖੋ ਸੇਫਟੀ ਦੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ ਅਤੇ ਆਪ ਹਰ ਸਾਲ ਟੈਕਨੀਕਲ ਕੁਆਲੀਫਾਇਡ ਸਟਰਕਚਰ ਇੰਜੀਨੀਅਰ ਵੱਲੋਂ ਉਕਤ ਇਮਾਰਤ ਦਾ ਤਸਦੀਕਸ਼ੁਦਾ ਫਿਟਨੈਸ ਸਰਟੀਫਿਕੇਟ ਲੈਣ ਉਪਰੰਤ ਇਸ ਦਫਤਰ ਵਿੱਚ ਜਮ੍ਹਾਂ ਕਰਵਾਉਣ ਪਾਬੰਦ ਹੋਵੋਗੇ।

5. ਅੱਗ ਬੁਝਾਊ ਯੰਤੱਰ ਸਬੰਧਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਤਸੱਲੀਬੱਖਸ਼ ਅਤੇ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ। ਆਪ ਹਰ ਸਾਲ ਸਬੰਧਤ ਵਿਭਾਗ ਤੋਂ ਫਾਇਰ ਸੇਫਟੀ ਸਰਟੀਫਿਕੇਟ ਲੈਣ ਉਪਰੰਤ ਇਸ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

6. ਪੰਜਾਬ ਸਰਕਾਰ ਵੱਲੋਂ ਭਵਿੱਖ ਵਿੱਚ ਸਮੇ-ਸਮੇ ਤੇ ਜਾਰੀ ਕੀਤੀਆਂ ਹਦਾਇਤਾਂ/ਸ਼ਰਤਾਂ/ਨੋਟੀਫਿਕੇਸ਼ਨ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ। ਜੇਕਰ ਇਸ ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਵੈਧਤਾ ਦੌਰਾਨ ਕਦੇ ਵੀ ਸਰਕਾਰ ਦੀਆਂ ਹਦਾਇਤਾਂ

For Brookfield International School
Vandana Bansal
10/4/24
Principal

For Chaman Educational & Charitable Trust
Manav Bansal
President

ਅਨੁਸਾਰ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਹਿੱਤ ਫੀਸ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਆਪ ਇਸ ਵਧੀ ਹੋਈ ਫੀਸ ਨੂੰ ਉਸ ਸਮੇ ਤੋਂ ਇਸ ਉਪ ਮੰਡਲ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

7. ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹਵੇਗਾਂ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ: ਭਤੇਮ ਸ਼ਾਖਾ
ਖਰੜ।

ਪਿੱਠ ਅੰਕਣ ਨੰ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ 1, ਲੋ:ਨਿ:ਵਿ: ਭਤੇਮ ਸ਼ਾਖਾ, ਐਸ.ਏ.ਐਸ ਨਗਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ: ਭਤੇਮ ਸ਼ਾਖਾ
ਖਰੜ।

For Brookfield International School
Vandana Bansal
Principal
16/4/24

For Chaman Educational & Charitable Trust
President